ੴ ਸਤਿਗੁਰ ਪ੍ਰਸਾਦਿ ॥

ਅਸੁਰ ਸਿੰਘਾਰਬੇ ਕੋ, ਦੁਰਜਨ ਕੇ ਮਾਰਬੇ ਕੋ, ਸੰਕਟ ਨਿਵਾਰਬੇ ਕੋ, ਖਾਲਸਾ ਬਨਾਯੋ ਹੈ॥

## ਹਿੰਦੂਤਵੀ ਸਾਮਰਾਜ ਦੇ ਗਣਤੰਤਰ ਦਿਵਸ ਮੌਕੇ ਸਮੂਹ ਸਿੱਖ-ਕਸ਼ਮੀਰੀ ਅਜ਼ਾਦੀ ਪਸੰਦ ਜੱਥੇਬੰਦੀਆਂ ਵੱਲੋਂ ਯੂ.ਕੇ. ਦੇ

# ਲੰਡਨ ਵਿਖੇ ਭਾਰਤੀ ਦੂਤਘਰ ਅੱਗੇ

# ਭਾਰੀ ਰੋਸ ਮੁਜ਼ਾਹਰਾ

## 26 ਜਨਵਰੀ 2020 ਐਤਵਾਰ ਨੂੰ 1:00 ਤੋਂ 3:00 ਵਜੇ ਤੱਕ

Council of Khalistan

## INDIAN REPUBLIC DAY PROTEST 26th January 2020, 13:00-15:00,

# INDIAN HIGH COMMISSION, LONDON




ਗੁਰੂ ਪਿਆਰੇ ਖਾਲਸਾ ਜੀ, ਵਾਹਿਗੁਰੂ ਜੀ ਕਾ ਖਾਲਸਾ॥ ਵਾਹਿਗੁਰੂ ਜੀ ਕੀ ਫਤਹਿ॥

ਜਿੱਥੇ ਇਤਿਹਾਸ ਗਵਾਹ ਹੈ ਕਿ ਮੁਗ਼ਲੀਆ, ਨਾਜ਼ੀ ਅਤੇ ਫ਼ਰੰਗੀ ਸਾਮਰਾਜਾਂ ਦੇ ਖਾਤਮੇ ਲਈ ਸਿੱਖਾਂ ਨੇ ਅਹਿਮ ਅਤੇ ਸ਼ਾਨਦਾਰ ਭੂਮਿਕਾ ਨਿਬਾਹੀ ਹੀ ਹੈ, ਉੱਥੇ ਇਹ ਵੀ ਪਿੱਛਲੇ 70 ਸਾਲਾਂ ਤੋਂ ਤਹਿ ਹੋ ਗਿਆ ਹੈ ਕਿ ਹਿੰਦੂਤਵੀ ਸਾਮਰਾਜ ਦਾ ਖਾਤਮਾ, ਸਿੱਖਾਂ ਦੇ ਹਿੱਸੇ ਹੀ ਆਵੇਗਾ। ਕਿਉਂਕਿ ਸਿੱਖ ਕੌਮ ਇਸ ਦੇ ਸੰਵਿਧਾਨ ਨੂੰ ਮੁੱਢ ਤੋਂ, ਇਸ ਦੇ ਗਣਤੰਤਰ ਤੋਂ ਹੀ, ਖਾਰਜ ਕਰਦੀ ਆਈ ਹੈ ਅਤੇ ਜਿਸ ਕਾਲੇ ਦਿਨ ਤੋਂ ਇਸ ਨੂੰ ਜ਼ਬਰਨ ਲਾਗੂ ਕਰਨ ਦੀਆਂ ਨਾਕਾਬ ਕੋਸ਼ਿਸ਼ਾਂ ਅੱਜ ਤਾਂਈ ਜਾਰ੍ਹੀ ਰਹੀਆਂ ਹਨ। ਇਸ ਦੇ ਵਿਰੋਧ ਵਿਚ ਸਿੱਖਾਂ ਨੂੰ ਕਦੇ ਆਪਣੀ ਵੱਖਰੀ ਪਛਾਣ, ਭਾਸ਼ਾ, ਆਪਣੀ ਰਾਜਧਾਨੀ, ਆਪਣੇ ਪਾਣੀਆਂ ਅਤੇ ਆਪਣੇ ਧਰਮ-ਗ੍ਰੰਥਾਂ ਲਈ ਮੋਰਚੇ ਲਾਉਣੇ ਪਏ ਹਨ ਅਤੇ ਆਖਰ 1984 ਦੇ ਘੱਲੂਘਾਰੇ ਅਤੇ ਆਪਣੇ ਅਕਾਲ ਤਖਤ ਨੂੰ ਢਾਹ-ਢੇਰੀ ਕੀਤਾ ਨਾ ਸਹਾਰਦੇ ਹੋਏ, 26 ਜਨਵਰੀ 1986 ਦੇ ਸਰਬੱਤ ਖਾਲਸਾ ਵੱਲੋਂ ਸਥਾਪਤ ਕੀਤੀ ਪੰਥਕ ਕਮੇਟੀ ਰਾਹੀਂ ਸਿੱਖ ਕੌਮ ਨੇ ਅਜ਼ਾਦ ਸਿੱਖ ਰਾਜ, ਖਾਲਿਸਤਾਨ, ਨੂੰ ਹੀ ਆਪਣਾ ਨਿਸ਼ਾਨਾ ਮਿੱਥ ਲਿਆ।

ਇਸ ਇਤਿਹਾਸਕ ਫ਼ੈਸਲੇ ਨੂੰ, 2015 ਦੇ ਸਰਬੱਤ ਖਾਲਸਾ ਅਤੇ ਇਸ ਵੱਲੋਂ ਸਥਾਪਤ ਵਿਸ਼ਵ ਸਿੱਖ ਸੰਸਦ ਵੱਲੋਂ ਵੀ ਸਵੀਕਾਰ ਕੀਤਾ ਗਿਆ ਹੈ। ਦੂਜੇ ਪਾਸੇ, ਭਾਰਤੀ ਪ੍ਰਸ਼ਾਸ਼ਨ ਦਾ ਹਿੰਦੂ ਰਾਸ਼ਟਰ ਬਨਾਉਣ ਲਈ ਪਰਦਾ ਫ਼ਾਸ਼ ਹੋਣ ਤੋਂ ਵੀ ਨਹੀਂ ਰਹਿ ਸਕਿਆ, ਜਿਸ ਨੂੰ ਸਿਰਫ਼ ਤਾਂ ਸਿਰਫ਼ ਸਿੱਖ ਕੌਮ ਹੀ ਹੁਣ ਰੋਕ ਸਕਦੀ ਹੈ, ਕਿਉਂਕਿ ਲੱਗ-ਪੱਗ ਦੁਨੀਆਂ ਦੀਆਂ ਬਾਕੀ ਤਾਕਤਾਂ ਨੇ ਵੀ ਆਪਣੇ ਨਿੱਜੀ ਸੁਆਰਥਾਂ ਲਈ ਇਸ ਨੂੰ ਸਵੀਕਾਰ ਕਰ ਲਿਆ ਹੈ। ਲੇਕਿਨ, ਸਿੱਖ ਕੌਮ ਆਪਣੇ ਮੀਰੀ-ਪੀਰੀ ਸਿਧਾਂਤ ਅਤੇ ਰਾਸ਼ਟਰਸੰਘੀ ਸੰਧੀਆਂ ਮੁਤਾਬਕ, ਜਿਸ ਤੋਂ ਹਿੰਦੂਤਵੀ ਸਾਮਰਾਜ ਪਿੱਛੇ ਹਟ ਗਈ ਹੈ, ਆਪਣੀ ਅਜ਼ਾਦੀ ਲਈ ਪੂਰੀ ਹੱਕਦਾਰ ਹੈ, ਜਿਸ ਨੂੰ ਇਹ ਲੈ ਕੇ ਹੀ ਰਹੇਗੀ। ਇਸ ਅਜ਼ਾਦੀ ਦੇ ਖੌਫ਼ ਵਿਚ ਪੰਜਾਬ ਅਤੇ ਹਿੰਦੁਸਤਾਨ ਦੀਆਂ ਅਦਾਲਤਾਂ ਨੇ, ਸ੍ਰੀ ਅਕਾਲ ਤੱਖਤ ਸਾਹਿਬ ਦੇ ਜੱਥੇਦਾਰ, ਭਾਈ ਜਗਤਾਰ ਸਿੰਘ ਹਵਾਰਾ ਸਮਤੇ, ਹਜ਼ਾਰਾਂ ਸਿੱਖ, ਕਸ਼ਮੀਰੀ ਅਤੇ ਹੋਰ ਅਜ਼ਾਦੀ ਪਸੰਦ ਕੌਮਾਂ ਦੇ ਸਿਆਸੀ ਜਾਂ ਜੰਗੀ ਕੈਦੀਆਂ ਨੂੰ ਕਈ ਦਹਾਕਿਆਂ ਤੋਂ ਨਜ਼ਰਬੰਦ ਰੱਖ ਛੱਡਿਆ ਹੈ। ਇਸ ਨਾਲ ਭਾਰਤੀ ਘੱਟ ਗਿਣਤੀ ਕੌਮਾਂ ਦੀ ਹਮਦਰਦੀ ਅਤੇ ਅਗਵਾਈ ਵੀ ਹੁਣ ਸਿੱਖਾਂ ਨੂੰ ਪਰਾਪਤ ਹੋ ਰਹੀ ਹੈ। ਸੋ, ਇਸ ਅਹਿਮ ਮੌਕੇ ਨੂੰ ਪਛਾਣ ਕੇ ਹੇਠ ਦਿੱਤੀ ਪੰਥਕ ਜੱਥੇਬੰਦੀਆਂ ਅਤੇ ਨੁਮਾਇੰਦਿਆਂ ਦੀ ਸੂਚੀ ਸਮੇਤ, ਆਉ, ਸ਼ਾਂਤਮਈ ਤਰੀਕੇ ਨਾਲ, ਆਪਣੇ ਜਮਹੂਰੀ ਹੱਕਾਂ ਨੂੰ ਅਜ਼ਮਾਉਂਦੇ ਹੋਏ, ਇਸ ਰੋਸ ਮੁਜ਼ਾਹਰੇ, ਜਿਸ ਨੂੰ ਰੋਕਣ ਲਈ, ਹਿੰਦੂਤਵੀ ਸਰਕਾਰ ਲੰਡਨ ਅਤੇ ਨਵੀਂ ਬਣੀ ਬਰਤਾਨਵੀ ਸਰਕਾਰਾਂ ਅੱਗੇ ਤਰਲੋ-ਮੱਛੀ ਹੋ ਰਹੀ ਹੈ, ਵਿਚ ਸ਼ਾਮਲ ਹੋ ਕੇ ਭਾਰਤੀ ਪ੍ਰਸ਼ਾਸ਼ਨ ਨੂੰ ਆਪਣੇ ਕੀਤੇ ਮਨੁੱਖੀ ਅਪਰਾਧਾਂ ਅਤੇ ਇਨ੍ਹਾਂ ਨੂੰ ਅੰਜਾਮ ਦੇਣ ਵਾਲੇ ਗੰਭੀਰ ਸਿੱਟੇ ਭੁਗਤਣ ਦੀ ਜ਼ਬਰਦਸਤ ਝਲਕ ਵੇਖਾਈਏ।

ਸ: ਅਮਰੀਕ ਸਿੰਘ ਸਹੋਤਾ (OBE), ਪ੍ਰਧਾਨ, ਕੌਂਸਲ ਆਫ਼ ਖਾਲਿਸਤਾਨ
ਸ: ਜੋਗਾ ਸਿੰਘ ਸਪੀਕਰ, ਵਿਸ਼ਵ ਸਿੱਖ ਸੰਸਦ
ਸ: ਗੁਰਦੇਵ ਸਿੰਘ ਚੌਹਾਨ, ਚੇਅਰਮੈਨ, ਸ਼੍ਰੋਮਣੀ ਅਕਾਲੀ ਦਲ ਯੂ.ਕੇ.
ਸ: ਗੁਰਦੀਪ ਸਿੰਘ, ਕੇਸਰੀ ਲਹਿਰ
ਸ: ਦੁਪਿੰਦਰਜੀਤ ਸਿੰਘ, ਸਿੱਖਸ ਫ਼ੌਰ ਜਸਟਿਸ
ਸ: ਗੁਰਚਰਰਨ ਸਿੰਘ ਖਾਲਸਾ ਮੁੱਖ ਬੁਲਾਰਾ, ਦਲ ਖਾਲਸਾ
ਸ: ਲਵਸ਼ਿੰਦਰ ਸਿੰਘ ਡੱਲੇਵਾਲ/ਸ: ਨਿਰਮਲ ਸਿੰਘ ਸੰਧੂ, ਮੁੱਖੀ ਸੁਯੰਕਤ ਖਾਲਸਾ ਦਲ
ਸ: ਸਰਬਜੀਤ ਸਿੰਘ/ਸ: ਕੁਲਵੰਤ ਸਿੰਘ ਮੁਠੱਡਾ, ਅਕਾਲੀ ਦਲ ਅੰਮ੍ਰਿਤਸਰ
ਸ: ਕੁਲਦੀਪ ਸਿੰਘ ਚਹੇੜੂ, ਕੋਆਡੀਨੇਟਰ, ਐਫ਼. ਐਸ. ੳ.
ਸ: ਰਣਜੀਤ ਸਿੰਘ ਸਰਾਏ, ਜਨਰਲ ਸਕੱਤਰ, ਪਾਰਲੀਮਾਨੀ ਖ਼ੁੱਦ-ਮੁਖਤਿਆਰੀ ਸੰਗਠਨ

## ਇਸ ਮੁਜ਼ਾਹਰੇ ਬਾਰੇ ਵਧੇਰੇ ਅਤੇ ਤਾਜ਼ਾ ਜਾਣਕਾਰੀ ਲਈ ਸੰਪਰਕ ਕਰੋ:

ਰਣਜੀਤ ਸਿੰਘ ਸਰਾਏ ਮੋਬਾਈਲ: 07803 169625 Email: ranjitsrai@aol.com, Website: sarbatkhalsafoundation.org